# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 13:40

**ਮਿਤੀ :16-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਸਰਕਾਰ ਨੇ ਸਪੱਸ਼ਟ ਕੀਤਾ ਏ ਕਿ ਵਿਅਕਤੀ-ਤੋਂ-ਵਿਅਕਤੀ ਦਰਮਿਆਨ UPI ਲੈਣ-ਦੇਣ 'ਤੇ ਕੋਈ ਚਾਰਜ ਨਹੀਂ ਲੱਗੇਗਾ।

- ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਏ ਕਿ, ਦਰਾਂ ਵਿੱਚ ਕਟੌਤੀ ਅਤੇ ਛੋਟ ਦੀ ਬਜਾਏ, ਸਰਕਾਰ ਨੂੰ ਟੈਕਸ ਸੰਬੰਧੀ ਤਜਵੀਜ਼ਾਂ 'ਚ ਦੇਸ਼ ਨੂੰ ਪਹਿਲਾਂ ਰੱਖਣਾ ਚਾਹੀਦਾ ਏ।

- ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਅੱਜ ਤੋਂ ਭੂਟਾਨ ਦੇ ਦੋ-ਰੋਜ਼ਾ ਸਰਕਾਰੀ ਦੌਰੇ 'ਤੇ ਹੋਣਗੇ।

- ਧਰਤੀ ਉੱਤੇ ਜੀਵਨ ਦੀ ਰੱਖਿਆ ਵਿੱਚ ਓਜ਼ੋਨ ਪਰਤ ਦੀ ਅਹਿਮੀਅਤ ਬਾਰੇ ਜਾਗਰੂਕਤਾ ਪੈਦਾ ਕਰਨ ਲਈ, ਅੱਜ ਵਿਸ਼ਵ ਓਜ਼ੋਨ ਦਿਵਸ ਮਨਾਇਆ ਜਾ ਰਿਹਾ ਏ।

- ਦਿੱਲੀ ਸਰਕਾਰ ਨੇ ਰਾਸ਼ਟਰੀ ਰਾਜਧਾਨੀ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ 10 ਹਜ਼ਾਰ  ਵਿਦਿਆਰਥੀਆਂ ਲਈ, ਹੋਸਟਲ ਬਣਾਉਣ ਦਾ ਫੈਸਲਾ ਕੀਤਾ ਏ।

## *ਹੁਣ ਖਬਰਾਂ ਵਿਸਥਾਰ ਨਾਲ*

ਸਰਕਾਰ ਨੇ ਸਪੱਸ਼ਟ ਕੀਤਾ ਏ ਕਿ ਵਿਅਕਤੀ-ਤੋਂ-ਵਿਅਕਤੀ ਦਰਮਿਆਨ UPI ਲੈਣ-ਦੇਣ 'ਤੇ ਕੋਈ ਚਾਰਜ ਨਹੀਂ ਲੱਗੇਗਾ, ਭਾਵੇਂ ਭੇਜੀ ਗਈ ਰਕਮ ਕਿੰਨੀ ਵੀ ਹੋਵੇ। ਵਿੱਤ ਮੰਤਰਾਲੇ ਨੇ ਕਿਹਾ ਏ ਕਿ ਛੋਟੇ ਵਪਾਰੀਆਂ ਲਈ, ਜ਼ੀਰੋ ਮਰਚੈਂਟ ਡਿਸਕਾਊਂਟ ਰੇਟ (MDR) ਢਾਂਚੇ ਅਧੀਨ ਆਉਣ ਵਾਲੇ ਲੈਣ-ਦੇਣ ਅਤੇ ਵਪਾਰੀਆਂ ਨੂੰ 2,000 ਰੁਪਏ ਤੱਕ ਦੇ ਕੀਤੇ ਜਾਣ ਵਾਲੇ ਭੁਗਤਾਨ ਵੀ ਮੁਫ਼ਤ ਰਹਿਣਗੇ।

ਮੰਤਰਾਲੇ ਅਨੁਸਾਰ, ਇਸ ਦੇ ਨਤੀਜੇ ਵਜੋਂ ਵਿਅਕਤੀ ਅਤੇ ਵਪਾਰੀ ਵਿਚਕਾਰ ਹੋਣ ਵਾਲੇ ਕੁੱਲ ਲੈਣ-ਦੇਣ ਵਿੱਚੋਂ ਲਗਭਗ 96 ਫੀਸਦੀ ਲੈਣ-

ਦੇਣ ਪ੍ਰਭਾਵਿਤ ਨਹੀਂ ਹੋਏਗਾ। MDR ਸਿਰਫ਼ 2,000 ਰੁਪਏ ਤੋਂ ਵੱਧ ਮੁੱਲ ਦੇ ਨਿਰਧਾਰਤ ਵਪਾਰਕ ਲੈਣ-ਦੇਣ 'ਤੇ ਹੀ ਲਾਗੂ ਹੋਵੇਗਾ।

ਵਿੱਤ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ MDR ਨਾ ਤਾਂ ਕੋਈ ਟੈਕਸ ਏ ਅਤੇ ਨਾ ਹੀ ਸਰਕਾਰ ਜਾਂ ਭਾਰਤੀ ਰਾਸ਼ਟਰੀ ਭੁਗਤਾਨ ਨਿਗਮ (NPCI) ਵੱਲੋਂ ਲਗਾਇਆ ਗਿਆ ਕੋਈ ਚਾਰਜ। ਇਸ ਨੂੰ UPI ਦੇ ਸੰਚਾਲਨ ਅਤੇ ਨਿਰੰਤਰ ਵਿਸਥਾਰ ਵਿੱਚ ਸਹਾਇਤਾ ਲਈ, ਬੈਂਕਾਂ ਅਤੇ ਭੁਗਤਾਨ ਐਪਲੀਕੇਸ਼ਨ ਮੁਹਈਆ ਕਰਾਉਣ ਵਾਲਿਆਂ ਵਿਚਕਾਰ ਵੰਡਿਆ ਜਾਂਦਾ ਏ।

NPCI ਨੇ ਕਿਹਾ ਏ ਕਿ ਖਪਤਕਾਰਾਂ ਲਈ, UPI ਨੂੰ ਮੁਫ਼ਤ ਰੱਖਦੇ ਹੋਏ, ਅਗਲੇ ਮਹੀਨੇ ਦੀ 15 ਤਰੀਕ ਤੋਂ ਚੋਣਵੇਂ ਕਾਰੋਬਾਰੀ ਲੈਣ-ਦੇਣ ਲਈ, UPI ਮਰਚੈਂਟ ਡਿਸਕਾਊਂਟ ਰੇਟ (MDR) ਦਾ ਇੱਕ ਸੋਧਿਆ ਹੋਇਆ ਢਾਂਚਾ ਲਾਗੂ ਕੀਤਾ ਜਾ ਰਿਹਾ ਏ।

ਸਾਡੇ ਪੱਤਰਕਾਰ ਨੇ ਖ਼ਬਰ ਦਿੱਤੀ ਏ ਕਿ ਛੋਟੇ ਵਪਾਰੀਆਂ ਵੱਲੋਂ, UPI ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ, ਇੱਕ ਵਿਸ਼ੇਸ਼ ਫੰਡ ਕਾਇਮ ਕੀਤਾ ਜਾਵੇਗਾ, ਜਿਸ ਵਿੱਚ ਕੁੱਲ MDR ਸੰਗ੍ਰਹਿ ਦਾ 5 ਫੀਸਦੀ ਹਿੱਸਾ, ਯੋਗਦਾਨ ਵਜੋਂ ਪਾਇਆ ਜਾਵੇਗਾ।

---------------------------------------------------

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ, ਦਰਾਂ ਵਿੱਚ ਕਟੌਤੀ ਅਤੇ ਛੋਟ ਦੀ ਬਜਾਏ, ਸਰਕਾਰ ਨੂੰ ਟੈਕਸ ਸੰਬੰਧੀ ਤਜਵੀਜ਼ਾਂ ਵਿੱਚ

ਦੇਸ਼ ਨੂੰ ਪਹਿਲਾਂ ਰੱਖਣਾ ਚਾਹੀਦਾ ਏ। ਉਹ ਅੱਜ ਬੰਗਲੁਰੂ ਵਿੱਚ International Tax Research and Analysis Foundation ਵੱਲੋਂ ਆਯੋਜਿਤ ਦੋ ਦਿਨਾਂ New Age Taxation ਕਾਨਫਰੰਸ ਦੇ ਉਦਘਾਟਨ ਮੌਕੇ ਬੋਲ ਰਹੇ ਸਨ। ਮੰਤਰੀ ਨੇ ਖੋਜਕਰਤਾਵਾਂ ਅਤੇ ਥਿੰਕ Tanks ਨੂੰ ਸੱਦਾ ਦਿੱਤਾ ਕਿ ਉਹ ਸੁਤੰਤਰ ਟੈਕਸ ਨੀਤੀ ਖੋਜ ਨੂੰ ਜਨਤਕ ਚਰਚਾ ਦਾ ਇੱਕ ਨਿਯਮਤ ਹਿੱਸਾ ਬਣਾਉਣ ਜਿਸਦੀ ਜਾਂਚ ਹੋ ਸਕੇ ਅਤੇ ਸੁਧਾਰ ਕੀਤਾ ਜਾ ਸਕੇ। ਆਪਣੇ ਮੰਤਰਾਲੇ ਵੱਲੋਂ ਬਜਟ ਤੋਂ ਪਹਿਲਾਂ ਦੇ ਸਲਾਹ-ਮਸ਼ਵਰੇ ਬਾਰੇ ਬੋਲਦਿਆਂ, ਸ਼੍ਰੀਮਤੀ ਸੀਤਾਰਮਨ ਨੇ ਕਿਹਾ ਜਦ ਅਸੀਂ ਵਿਕਸਿਤ ਭਾਰਤ 2047 ਵੱਲ ਵਧ ਰਹੇ ਏ ਤਾਂ ਇਨ੍ਹਾਂ ਅਭਿਆਸਾਂ ਰਾਹੀਂ ਵੱਡੇ ਸਵਾਲ ਉਠਾਏ ਜਾਣੇ ਚਾਹੀਦੇ ਨੇ ਕਿ ਅਗਲੇ ਦੋ ਦਹਾਕਿਆਂ ਵਿੱਚ ਭਾਰਤ ਵਿੱਚ ਕਿਸ ਤਰ੍ਹਾਂ ਦੀ ਟੈਕਸ ਪ੍ਰਣਾਲੀ ਹੋਣੀ ਚਾਹੀਦੀ ਏ। ਉਨ੍ਹਾਂ ਨੇ ਇੱਕ ਬਿਹਤਰ ਟੈਕਸ ਖੋਜ 'ਤੇ ਜ਼ੋਰ ਦਿੱਤਾ ਜੋ ਸਾਰੇ ਪੱਖਾਂ ਨੂੰ ਧਿਆਨ 'ਚ ਰੱਖੇ।

-----------------------------------------------------------

ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਭਾਰਤ ਨਾਲ ਮੁਕਤ ਵਪਾਰ ਸਮਝੌਤੇ (FTA) ਨੂੰ ਇਤਿਹਾਸਕ ਕਰਾਰ ਦਿੱਤਾ ਏ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਨਿਊਜ਼ੀਲੈਂਡ ਦੇ ਉਤਪਾਦਾਂ ਲਈ 1 ਅਰਬ 40 ਕਰੋੜ ਭਾਰਤੀ ਖਪਤਕਾਰਾਂ ਦਾ ਬਾਜ਼ਾਰ ਖੋਲ੍ਹੇਗਾ ਅਤੇ ਦੇਸ਼ ਵਿੱਚ ਰੁਜ਼ਗਾਰ ਤੇ ਆਮਦਨ ਵਧਾਉਣ ਵਿੱਚ ਮਦਦ ਕਰੇਗਾ। ਨਿਊਜ਼ੀਲੈਂਡ ਦੀ ਸੰਸਦ ਨੇ ਅੱਜ ਭਾਰਤ ਨਾਲ ਮੁਕਤ ਵਪਾਰ ਸਮਝੌਤੇ (FTA) ਨੂੰ ਲਾਗੂ ਕਰਨ ਲਈ

ਲੋੜੀਂਦੇ ਬਿੱਲ ਨੂੰ 29 ਦੇ ਮੁਕਾਬਲੇ 93 ਵੋਟਾਂ ਨਾਲ ਮਨਜ਼ੂਰੀ ਦੇ ਦਿੱਤੀ ਏ। ਇਸ ਸਮਝੌਤੇ ਦੇ ਲਾਗੂ ਹੋਣ 'ਤੇ, ਨਿਊਜ਼ੀਲੈਂਡ ਦੇ 57 ਫੀਸਦੀ ਬਰਾਮਦ ਨੂੰ ਭਾਰਤ ਵਿੱਚ ਮਹਿਸੂਲ-ਮੁਕਤ ਪਹੁੰਚ ਮਿਲੇਗੀ। ਪੂਰੀ ਤਰ੍ਹਾਂ ਲਾਗੂ ਹੋਣ 'ਤੇ, 95 ਫੀਸਦੀ ਬਰਾਮਦ 'ਤੇ ਮਹਿਸੂਲ ਖਤਮ ਹੋ ਜਾਣਗੇ ਜਾਂ ਘਟਾ ਦਿੱਤੇ ਜਾਣਗੇ। ਇਹ ਸਮਝੌਤਾ 2030 ਤੱਕ ਦੋਵਾਂ ਦੇਸ਼ਾਂ ਵਿਚਕਾਰ ਦੁਵੱਲੇ ਵਪਾਰ ਨੂੰ ਦੁੱਗਣਾ ਕਰਨ ਦੇ ਟੀਚੇ ਨੂੰ ਹਾਸਿਲ ਕਰਨ ਵਿੱਚ ਵੀ ਮਦਦ ਕਰੇਗਾ।

--------------------------------------------------------

ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਅੱਜ ਤੋਂ ਭੂਟਾਨ ਦੇ ਦੋ-ਰੋਜ਼ਾ ਸਰਕਾਰੀ ਦੌਰੇ 'ਤੇ ਜਾਣਗੇ। ਇਸ ਦੌਰੇ ਦੌਰਾਨ, ਡਾ. ਜੈਸ਼ੰਕਰ ਭੂਟਾਨ ਦੇ ਵਿਦੇਸ਼ ਮੰਤਰੀ, ਲਿਓਨਪੋ ਡੀ.ਐਨ. ਢੁੰਗਯੇਲ ਨਾਲ ਦੁਵੱਲੀ ਗੱਲਬਾਤ ਕਰਨਗੇ। ਉਹ ਭੂਟਾਨ ਦੇ ਰਾਜਾ ਅਤੇ ਪ੍ਰਧਾਨ ਮੰਤਰੀ ਨਾਲ ਵੀ ਮੁਲਾਕਾਤ ਕਰਨਗੇ।

ਵਿਦੇਸ਼ ਮੰਤਰਾਲੇ ਨੇ ਕਿਹਾ ਏ ਕਿ ਇਹ ਦੌਰਾ, ਦੋਵਾਂ ਦੇਸ਼ਾਂ ਵਿਚਕਾਰ ਨਿਯਮਤ ਉੱਚ-ਪੱਧਰੀ ਆਦਾਨ-ਪ੍ਰਦਾਨ ਦੀ ਪਰੰਪਰਾ ਅਨੁਸਾਰ ਹੋ ਰਿਹਾ ਏ। ਇਸ ਦਾ ਉਦੇਸ਼, ਦੋਸਤੀ ਅਤੇ ਸਹਿਯੋਗ ਦੇ ਮੌਜੂਦਾ ਗੂੜ੍ਹੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਏ।

--------------------------------------------------------

ਥਲ ਸੈਨਾ ਮੁਖੀ ਜਨਰਲ ਧੀਰਜ ਸੇਠ ਅੱਜ ਤੋਂ ਰੂਸ ਦੇ ਤਿੰਨ-ਰੋਜ਼ਾ ਦੌਰੇ 'ਤੇ ਨੇ। ਇਸ ਦੌਰੇ ਦਾ ਉਦੇਸ਼, ਭਾਰਤ ਅਤੇ ਰੂਸ ਵਿਚਕਾਰ ਲੰਮੇ ਸਮੇਂ ਤੋਂ ਚੱਲੇ ਆ ਰਹੇ ਰੱਖਿਆ ਸਬੰਧਾਂ ਅਤੇ ਫੌਜੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਾ ਏ।

ਜਨਰਲ ਸੇਠ, ਰੂਸੀ ਜ਼ਮੀਨੀ ਫ਼ੌਜ ਦੇ ਕਮਾਂਡਰ-ਇਨ-ਚੀਫ਼, ਕਰਨਲ ਜਨਰਲ ਆਂਦਰੇ ਮੋਰਦਵਿਚੇਵ ਨਾਲ ਪੇਸ਼ੇਵਰ ਫ਼ੌਜੀ ਸਹਿਯੋਗ ਅਤੇ ਸਿਖਲਾਈ ਸਮੇਤ ਆਪਸੀ ਹਿੱਤ ਦੇ ਮੁੱਦਿਆਂ 'ਤੇ ਚਰਚਾ ਕਰਨਗੇ। ਉਹ ਮਾਸਕੋ ਵਿੱਚ 'ਨੈਸ਼ਨਲ ਡਿਫੈਂਸ ਕੰਟਰੋਲ ਸੈਂਟਰ' ਦਾ ਦੌਰਾ ਕਰਨਗੇ ਅਤੇ ਰੂਸੀ ਰੱਖਿਆ ਮੰਤਰਾਲੇ ਦੇ ਉੱਚ ਅਧਿਕਾਰੀਆਂ ਨਾਲ ਮੁਲਾਕਾਤ ਕਰਨਗੇ।

ਫੌਜ ਮੁਖੀ ਮਾਸਕੋ ਵਿੱਚ 'Tomb of the Unknown Soldier' 'ਤੇ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀ ਵੀ ਭੇਟ ਕਰਨਗੇ। ਰੱਖਿਆ ਮੰਤਰਾਲੇ ਨੇ ਕਿਹਾ ਏ ਕਿ ਇਹ ਦੌਰਾ, ਦੋਵਾਂ ਦੇਸ਼ਾਂ ਵਿਚਕਾਰ ਫੌਜੀ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਦਦ ਕਰੇਗਾ।

---------------------------------------------------------------

ਅੱਜ ਵਿਸ਼ਵ ਓਜ਼ੋਨ ਦਿਵਸ ਏ। ਇਹ ਦਿਨ ਧਰਤੀ ਉੱਤੇ ਜੀਵਨ ਦੀ ਰੱਖਿਆ ਵਿੱਚ ਓਜ਼ੋਨ ਪਰਤ ਦੀ ਮਹੱਤਵਪੂਰਨ ਭੂਮਿਕਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਏ।

ਓਜ਼ੋਨ ਪਰਤ ਇੱਕ ਸੁਰੱਖਿਆ ਢਾਲ ਵਜੋਂ ਕੰਮ ਕਰਦਿਆਂ, ਸੂਰਜ ਤੋਂ ਹਾਨੀਕਾਰਕ ਅਲਟਰਾਵਾਇਲਟ ਕਿਰਨਾਂ ਨੂੰ ਰੋਕਦੀ ਏ।

ਵਿਸ਼ਵ ਓਜ਼ੋਨ ਦਿਵਸ ਦੇ ਮੌਕੇ 'ਤੇ, ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਤਬਦੀਲੀ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਕਿਹਾ ਕਿ ਓਜ਼ੋਨ ਪਰਤ ਦੀ ਸੁਰੱਖਿਆ ਘਰ ਤੋਂ ਹੀ ਸ਼ੁਰੂ ਹੁੰਦੀ ਏ। ਉਨ੍ਹਾਂ ਦੱਸਿਆ ਕਿ ਛੋਟੇ-ਛੋਟੇ ਕਦਮ, ਜਿਵੇਂ ਕਿ ਏਅਰ ਕੰਡੀਸ਼ਨਰ ਦਾ ਤਾਪਮਾਨ 24 ਡਿਗਰੀ ਸੈਲਸੀਅਸ 'ਤੇ ਰੱਖਣਾ ਅਤੇ ਊਰਜਾ-ਕੁਸ਼ਲ ਉਪਕਰਣਾਂ ਦੀ ਵਰਤੋਂ ਕਰਨਾ, ਨੁਕਸਾਨਦੇਹ ਗੈਸਾਂ ਦੀ ਨਿਕਾਸੀ ਨੂੰ ਘਟਾਉਣ ਵਿੱਚ ਮਦਦ ਕਰਦੇ ਨੇ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਓਜ਼ੋਨ ਪਰਤ ਦੀ ਸੁਰੱਖਿਆ ਮਨੁੱਖੀ ਸਿਹਤ, ਜੈਵ-ਵਿਭਿੰਨਤਾ ਅਤੇ ਜਲਵਾਯੂ ਦੀ ਸਥਿਰਤਾ ਲਈ ਬਹੁਤ ਜ਼ਰੂਰੀ ਏ।

---------------------------------------------------

ਪੰਜਾਬ ਸਰਕਾਰ ਨੇ ਸਪੱਸ਼ਟ ਕੀਤਾ ਏ ਕਿ ਆਉਣ ਵਾਲੇ ਸੀਜ਼ਨ ਦੌਰਾਨ ਸੂਬੇ ਤੋਂ ਬਾਹਰੋਂ ਆਉਣ ਵਾਲੇ ਝੋਨੇ ਨੂੰ ਵਿਕਰੀ ਲਈ ਕਿਸੇ ਵੀ ਮੰਡੀ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ।

ਪੰਜਾਬ ਦੇ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰਾਂ ਨੂੰ

ਖ਼ਾਸ ਤੌਰ ’ਤੇ ਵੱਧ ਚੌਕਸੀ ਵਰਤਣ ਅਤੇ ਇਹ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਏ ਕਿ ਕੋਈ ਵੀ ਫ਼ਰਜੀ ਐਂਟਰੀ ਦਰਜ ਨਾ ਹੋਵੇ।

ਇਸੇ ਦੌਰਾਨ, ਮੰਤਰੀ ਨੇ DFSC's ਨੂੰ ਖ਼ਰੀਦ ਲਈ ਮੰਡੀ ਬੋਰਡ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਵੀ ਕਿਹਾ ਏ ਕਿ ਸਾਰੀਆਂ ਸਬੰਧਤ ਧਿਰਾਂ, ਖ਼ਾਸਕਰ ਕਿਸਾਨਾਂ ਦੇ ਹਿੱਤਾਂ ਦਾ ਧਿਆਨ ਰੱਖਿਆ  ਜਾਵੇ।

ਸ੍ਰੀ ਕਟਾਰੂਚੱਕ ਨੇ ਕਿਹਾ ਕਿ ਇਸ ਸੀਜ਼ਨ ਦੌਰਾਨ ਝੋਨੇ ਦੀ ਖ਼ਰੀਦ ਦਾ ਟੀਚਾ 180 ਲੱਖ ਮੀਟ੍ਰਿਕ ਟਨ ਤੈਅ ਕੀਤਾ ਗਿਆ ਏ, ਜਦਕਿ ਝੋਨੇ ਦੀ ਕਾਸ਼ਤ ਹੇਠ ਰਕਬਾ 26.22 ਲੱਖ ਹੈਕਟੇਅਰ ਏ। ਘੱਟੋ-ਘੱਟ ਸਮਰਥਨ ਮੁੱਲ 2 ਹਜ਼ਾਰ 441 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਗਿਆ ਏ।

---------------------------------------------------------------

ਦਿੱਲੀ ਸਰਕਾਰ ਨੇ ਆਸ਼ਾ ਵਰਕਰਾਂ ਲਈ ਮਾਸਕ ਪ੍ਰੋਤਸਾਹਨ ਰਾਸ਼ੀ 3,000 ਰੁਪਏ ਤੋਂ ਵਧਾ ਕੇ 6,000 ਰੁਪਏ ਕਰਨ ਦਾ ਐਲਾਨ ਕੀਤਾ ਏ। ਇਹ ਫੈਸਲਾ ਕੱਲ੍ਹ ਨਵੀਂ ਦਿੱਲੀ ਵਿੱਚ ਮੁੱਖ ਮੰਤਰੀ ਰੇਖਾ ਗੁਪਤਾ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਿੱਚ ਲਿਆ ਗਿਆ।

ਉਨ੍ਹਾਂ ਕਿਹਾ ਕਿ ਮਹੀਨਾਵਾਰ ਪ੍ਰੋਤਸਾਹਨ ਰਾਸ਼ੀ ਵਿੱਚ ਵਾਧਾ ਆਸ਼ਾ ਵਰਕਰਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਉਨ੍ਹਾਂ ਦੀ ਵਿੱਤੀ ਸੁਰੱਖਿਆ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਏ।

ਇਸ ਦੌਰਾਨ, ਦਿੱਲੀ ਸਰਕਾਰ ਨੇ ਰਾਸ਼ਟਰੀ ਰਾਜਧਾਨੀ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ 10,000 ਵਿਦਿਆਰਥੀਆਂ ਲਈ ਹੋਸਟਲ ਬਣਾਉਣ ਦਾ ਫੈਸਲਾ ਵੀ ਕੀਤਾ ਏ।

ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਸਰਕਾਰ ਦੀਆਂ ਕੁਝ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿੱਚ ਹੋਸਟਲਾਂ ਦੀ ਉਸਾਰੀ ਪਹਿਲਾਂ ਹੀ ਚੱਲ ਰਹੀ ਏ।

**BYTE: REKHA GUPTA**

ਸ੍ਰੀਮਤੀ ਗੁਪਤਾ ਨੇ ਕਿਹਾ ਕਿ ਸਰਕਾਰ ਉਨ੍ਹਾਂ ਕਾਲਜਾਂ ਦਾ ਸਰਵੇਖਣ ਵੀ ਕਰੇਗੀ ਜਿੱਥੇ ਹੋਸਟਲ ਬਣਾਉਣ ਲਈ ਲੋੜੀਂਦੀ ਥਾਂ ਮੌਜੂਦ ਏ।

---------------------------------------------------------------

'ਸਵੱਛਤਾ ਹੀ ਸੇਵਾ 2026' ਮੁਹਿੰਮ ਕੱਲ੍ਹ ਤੋਂ ਪੂਰੇ ਦੇਸ਼ ਵਿੱਚ ਸ਼ੁਰੂ ਹੋ ਰਹੀ ਏ। ਇਹ ਮੁਹਿੰਮ 17 ਅਕਤੂਬਰ ਤੱਕ ਜਾਰੀ ਰਹੇਗੀ। ਇਸ ਤਹਿਤ, ਤੈਅ ਥਾਵਾਂ ਅਤੇ ਵੱਧ ਆਵਾਜਾਈ ਵਾਲੇ ਸਰਬਜਨਕ ਸਥਾਨ 'ਤੇ ਸਫਾਈ, ਨੌਜਵਾਨਾਂ ਦੀ ਭਾਗੀਦਾਰੀ ਵਧਾਉਣ, ਅਤੇ ਸਰਕੂਲਰ ਇਕਾਨਮੀ ਤੇ 'Waste-to-Wealth ' ਪਹਿਲਕਦਮੀਆਂ ਰਾਹੀਂ Swachhata se Samriddhi ਨੂੰ ਉਤਸ਼ਾਹਿਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ।

ਇਸ ਸਾਲ ਮੁਹਿੰਮ ਦਾ ਵਿਸ਼ਾ 'ਸਫ਼ਾਈ ਵਿੱਚ ਭਾਗੀਦਾਰੀ: ਸਾਫ਼ ਭਾਰਤ, ਵਿਕਸਤ ਭਾਰਤ' ਏ।

ਇਹ ਵਿਸ਼ਾ ਇੱਕ ਸਾਫ਼-ਸੁਥਰੇ ਅਤੇ ਵਿਕਸਤ ਭਾਰਤ ਦੇ ਟੀਚੇ ਨੂੰ ਅੱਗੇ ਵਧਾਉਣ ਵਿੱਚ ਸਮੂਹਿਕ ਹਿੱਸੇਦਾਰੀ ਅਤੇ ਸਾਂਝੀ ਜ਼ਿੰਮੇਵਾਰੀ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ।

---------------------------------------------------------------

ਉੱਤਰੀ ਰੇਲਵੇ ਦੇ ਦਿੱਲੀ ਡਿਵੀਜ਼ਨ ਨੇ ਨਵੀਂ ਦਿੱਲੀ, ਹਜ਼ਰਤ ਨਿਜ਼ਾਮੂਦੀਨ, ਦਿੱਲੀ ਜੰਕਸ਼ਨ ਅਤੇ ਆਨੰਦ ਵਿਹਾਰ ਰੇਲਵੇ ਸਟੇਸ਼ਨਾਂ 'ਤੇ ਡਿਜੀਟਲ ਲਾਕਰ ਸਹੂਲਤ ਸ਼ੁਰੂ ਕੀਤੀ ਏ। ਇੱਕ ਵਪਾਰਕ ਪਹਿਲਕਦਮੀ ਵਜੋਂ ਪ੍ਰਦਾਨ ਕੀਤੀ ਗਈ ਇਹ ਸਹੂਲਤ, ਮੁਸਾਫ਼ਰਾਂ ਨੂੰ ਸਮਾਨ ਰੱਖਣ ਲਈ ਇੱਕ ਸੁਰੱਖਿਅਤ, ਸੁਵਿਧਾਜਨਕ ਅਤੇ ਪਰੇਸ਼ਾਨੀ ਮੁਕਤ ਵਿਕਲਪ ਪ੍ਰਦਾਨ ਕਰਦੀ ਏ। ਇਹ ਲਾਕਰ ਇੱਕ ਡਿਜੀਟਲ ਅਤੇ OTP-ਅਧਾਰਤ ਪਹੁੰਚ ਪ੍ਰਣਾਲੀ ਦੀ ਵਰਤੋਂ ਕਰਦੇ ਨੇ, ਜਿਸ ਨਾਲ ਮੁਸਾਫ਼ਰ ਆਪਣੇ ਇੰਤਜ਼ਾਰ ਸਮੇਂ ਦੌਰਾਨ ਅਤੇ ਸਟੇਸ਼ਨ ਤੋਂ ਬਾਹਰ ਯਾਤਰਾ ਕਰਦੇ ਸਮੇਂ ਭਾਰੀ ਸਮਾਨ ਨਾਲ ਲਿਜਾਣ ਤੋਂ ਬਿਨਾਂ ਆਪਣੇ ਸਮਾਨ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਅਤੇ ਪ੍ਰਾਪਤ ਕਰ ਸਕਦੇ ਨੇ। ਮੁਸਾਫ਼ਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਚਾਰੇ ਰੇਲਵੇ ਸਟੇਸ਼ਨਾਂ 'ਤੇ ਵੱਖ-ਵੱਖ ਆਕਾਰਾਂ ਦੇ ਲਾਕਰ ਪ੍ਰਦਾਨ ਕੀਤੇ ਗਏ ਨੇ। ਨਵੀਂ ਦਿੱਲੀ ਅਤੇ ਹਜ਼ਰਤ ਨਿਜ਼ਾਮੂਦੀਨ ਰੇਲਵੇ ਸਟੇਸ਼ਨਾਂ 'ਤੇ ਡਿਜੀਟਲ ਲਾਕਰ ਸਹੂਲਤ, ਚਾਲੂ ਕਰ ਦਿੱਤੀ ਗਈ ਏ, ਅਤੇ ਜਲਦੀ ਹੀ ਦਿੱਲੀ ਜੰਕਸ਼ਨ ਅਤੇ ਆਨੰਦ ਵਿਹਾਰ ਟਰਮੀਨਲ 'ਤੇ ਵੀ ਸ਼ੁਰੂ ਹੋ ਜਾਵੇਗੀ।

-------------------------------------------------

ਈਰਾਨ ਨਾਲ ਟਕਰਾਅ ਨੂੰ ਖਤਮ ਕਰਨ ਲਈ ਅਮਰੀਕੀ ਪ੍ਰਤੀਨਿਧ ਸਭਾ ਵਿੱਚ ਤੀਜੀ ਵਾਰ ਵੋਟਿੰਗ ਕਰਵਾਈ ਗਈ। ਸਭਾ ਨੇ 204 ਦੇ ਮੁਕਾਬਲੇ 220 ਵੋਟਾਂ ਨਾਲ ਜੰਗੀ ਅਖਤਿਆਰਾਂ ਬਾਰੇ ਇੱਕ ਮਤਾ ਪਾਸ ਕੀਤਾ। ਇਹ ਮਤਾ ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ ਈਰਾਨ ਵਿੱਚ ਫੌਜੀ ਕਾਰਵਾਈ ਜਾਰੀ ਰੱਖਣ ਦੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਮਰੱਥਾ ਨੂੰ ਸੀਮਤ ਕਰ ਸਕਦਾ ਏ। ਇਸ ਵਾਰ, ਰਿਪਬਲਿਕਨ ਮੈਂਬਰਾਂ ਨੇ ਵੀ ਇਸ ਮਤੇ ਦੇ ਸਮਰਥਨ ਵਿੱਚ, ਡੈਮੋਕਰੇਟਿਕ ਮੈਂਬਰਾਂ ਦਾ ਸਾਥ ਦਿੱਤਾ। ਹਾਲਾਂਕਿ, ਪਹਿਲਾਂ ਪਾਸ ਕੀਤੇ ਗਏ ਮਤੇ ਸੈਨੇਟ ਤੋਂ ਅੱਗੇ ਨਹੀਂ ਵਧ ਸਕੇ।

-------------------------------------------------

- ਸਰਕਾਰ ਨੇ ਸਪੱਸ਼ਟ ਕੀਤਾ ਏ ਕਿ ਵਿਅਕਤੀ-ਤੋਂ-ਵਿਅਕਤੀ ਦਰਮਿਆਨ UPI ਲੈਣ-ਦੇਣ 'ਤੇ ਕੋਈ ਚਾਰਜ ਨਹੀਂ ਲੱਗੇਗਾ।

- ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਏ ਕਿ, ਦਰਾਂ ਵਿੱਚ ਕਟੌਤੀ ਅਤੇ ਛੋਟ ਦੀ ਬਜਾਏ, ਸਰਕਾਰ ਨੂੰ ਟੈਕਸ ਸੰਬੰਧੀ ਤਜਵੀਜ਼ਾਂ 'ਚ ਦੇਸ਼ ਨੂੰ ਪਹਿਲਾਂ ਰੱਖਣਾ ਚਾਹੀਦਾ ਏ।

- ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਅੱਜ ਤੋਂ ਭੂਟਾਨ ਦੇ ਦੋ-ਰੋਜ਼ਾ ਸਰਕਾਰੀ ਦੌਰੇ 'ਤੇ ਹੋਣਗੇ।

- ਧਰਤੀ ਉੱਤੇ ਜੀਵਨ ਦੀ ਰੱਖਿਆ ਵਿੱਚ ਓਜ਼ੋਨ ਪਰਤ ਦੀ ਅਹਿਮੀਅਤ ਬਾਰੇ ਜਾਗਰੂਕਤਾ ਪੈਦਾ ਕਰਨ ਲਈ, ਅੱਜ ਵਿਸ਼ਵ ਓਜ਼ੋਨ ਦਿਵਸ ਮਨਾਇਆ ਜਾ ਰਿਹਾ ਏ।

- ਦਿੱਲੀ ਸਰਕਾਰ ਨੇ ਰਾਸ਼ਟਰੀ ਰਾਜਧਾਨੀ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ 10 ਹਜ਼ਾਰ ਵਿਦਿਆਰਥੀਆਂ ਲਈ, ਹੋਸਟਲ ਬਣਾਉਣ ਦਾ ਫੈਸਲਾ ਕੀਤਾ ਏ।

---------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਸ਼ਾਮ 6 ਵਜ ਕੇ 20 ਮਿੰਟ 'ਤੇ ਹੋਏਗਾ. ਨਮਸਕਾਰ!**